# ਸਮਝਦਾਰੀ ਨਾਲ ਨਿਵੇਸ਼ ਕਰਨ ਦੀ ਨੁਸਖਾ ਸ਼ੀਟ

## ਕਰਨ ਵਾਲੀਆਂ ਗੱਲਾਂ *ਨੁਸ*

ਯਾਦ ਰੱਖੋ ਕਿ ਇਹ ਤੁਹਾਡਾ ਪੈਸਾ ਹੈ!

ਇਹ ਵੇਖਣ ਲਈ ਜਾਂਚ ਕਰੋ ਕਿ ਕੀ ਤੁਹਾਡਾ ਸਲਾਹਕਾਰ ਰਜਿਸਟਰ ਹੋਇਆ ਹੈ।

ਇਸ ਗਾਈਡ ਵਿਚਲੀਆਂ ਵਰਕਸ਼ੀਟਾਂ ਭਰੋ ਅਤੇ ਆਪਣੇ ਸਲਾਹਕਾਰ ਨਾਲ ਜੋ ਵਪਾਰਕ ਰਿਸ਼ਤਾ ਤੁਸੀਂ ਬਣਾਇਆ ਹੈ, ਨੂੰ ਸਹਿਯੋਗ ਦੇਣ ਲਈ ਇੰਨ੍ਹਾਂ ਦੀ ਵਰਤੋਂ ਕਰੋ।

ਤੁਸੀਂ ਆਪਣੇ ਸਲਾਹਕਾਰ, ਉਨ੍ਹਾਂ ਦੀ ਫ਼ਰਮ, ਅਤੇ ਕੰਪਨੀਆਂ ਜਾਂ ਮਿਉਚੂਅਲ ਫ਼ੰਡਾਂ, ਜਿਹਨਾਂ ਵਿਚ ਤੁਸੀਂ ਪੂੰਜੀਕਾਰੀ (ਅਕਾਉਂਟ ਸਟੇਟਮੈਂਟਾਂ, ਫ਼ੀਸ, ਖਾਤੇ ਸਬੰਧੀ ਇਕਰਾਰਨਾਮਿਆਂ, ਆਦਿ ਸਮੇਤ) ਕੀਤੀ ਹੈ, ਤੋਂ ਮਿਲਣ ਵਾਲੇ ਸਾਰੇ ਦਸਤਾਵੇਜ਼ ਪੜ੍ਹੋ ਅਤੇ ਵਿਚਾਰੋ।

ਸਬਰ ਰੱਖੋ। ਇਸ ਤੋਂ ਪਹਿਲਾਂ ਕਿ ਤੁਸੀਂ ਫ਼ਾਇਦਿਆਂ ਬਾਰੇ ਸੋਚੋ, ਹਰ ਪੂੰਜੀਕਾਰੀ ਦੇ ਨੁਕਸਾਨਾਂ ਬਾਰੇ ਸੋਚੋ। ਕੋਈ ਚੰਗਾ ਸੌਦਾ, ਜੋ ਅੱਜ ਇੱਥੇ ਹੈ, ਉਹ ਕੱਲ ਵੀ ਇੱਥੇ ਹੀ ਹੋਵੇਗਾ।

ਆਪਣੀ ਪੂੰਜੀਕਾਰੀ ਲਈ ਮੌਕੇ ਅਤੇ ਮੁਨਾਫ਼ੇ ਲੱਭੋ, ਪਰ ਆਪਣਾ ਜੋਖਮ ਸਤੁੰਲਤ ਕਰਨ ਦੀ ਵੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਪੱਕਾ ਭਰੋਸਾ ਨਹੀਂ ਹੈ, ਤਾਂ ਇਸ ਖੇਤਰ ਵਿਚਲੇ ਕਿਸੇ ਮਾਹਰ ਤੋਂ ਹੋਰ ਰਾਇ ਲਓ।

ਰੈਡ ਫ਼ਲੈਗਸ ਆੱਫ਼ ਇਨਵੈਸਟਮੈਂਟ ਫ਼੍ਰਾੱਡ (ਪੂੰਜੀਕਾਰੀ ਸਬੰਧੀ ਧੋਖੇ ਦੇ ਲਾਲ ਝੰਡੇ) ਬਾਰੇ ਜਾਣੋ ਅਤੇ ਰੈਡ ਫ਼ਲੈਗ ਦੇ ਲੱਛਣਾਂ ਵਾਲੀ ਕਿਸੇ ਪੂੰਜੀਕਾਰੀ ਤੋਂ ਬਚਕੇ ਰਹੋ।

## ਨਾ ਕਰੋ

ਕਦੇ ਵੀ ਆਪਣੇ ਸਲਾਹਕਾਰ ਦੇ ਨਾਂ 'ਤੇ ਜਾਂ ਆਪਣੇ ਸਲਾਹਕਾਰ ਦੀ ਨਿਜੀ ਕਾਰਪੋਰੇਸ਼ਨ ਲਈ ਭੁਗਤਾਨਯੋਗ ਚੈਕ ਨਾ ਲਿਖੋ। ਤੁਹਾਡਾ ਚੈਕ ਹਮੇਸ਼ਾਂ ਸਲਾਹਕਾਰ ਦੀ ਰਜਿਸਟਰ ਹੋਈ ਫ਼ਰਮ ਜਾਂ ਲਾਗੂ ਰਜਿਸਟਰ ਹੋਈ ਮਿਉਚੂਅਲ ਫ਼ੰਡ ਕੰਪਨੀ ਨੂੰ ਭੁਗਤਾਨਯੋਗ ਹੋਣਾ ਚਾਹੀਦਾ ਹੈ।

ਆਪਣੇ ਸਲਾਹਕਾਰ ਤੋਂ ਉਮੀਦ ਨਾ ਰਖੋ ਕਿ ਤੁਹਾਡੇ ਲਈ ਪੂੰਜੀਕਾਰੀ ਦੇ ਨਿਰਣੇ ਉਹ ਕਰੇ।

ਅਜਿਹੇ ਦਾਅਵਿਆਂ 'ਤੇ ਭਰੋਸਾ ਨਾ ਕਰੋ ਕਿ ਤੁਹਾਡਾ ਪੂੰਜੀਕਾਰ ਸਲਾਹਕਾਰ ਇਹੋ ਜਿਹੀਆਂ ਪੂੰਜੀਕਾਰੀਆਂ ਦੀ ਕਮਾਈ ਦੇ ਮੁਕਾਬਲੇ ਤੁਹਾਨੂੰ ਵੱਧ ਮੁਨਾਫੇ ਜਾਂ ਲਗਾਤਾਰ ਜ਼ਿਆਦਾ ਮੁਨਾਫ਼ੇ ਦੇ ਸਕਦਾ ਹੈ। ਜੇ ਬਜਾਰ ਵਿਚ ਮੰਦੀ ਚਲ ਰਹੀ ਹੈ, ਤਾਂ ਤੁਹਾਡਾ ਪੋਰਟਫ਼ੋਲੀਓ ਵਧਣ ਦੇ ਮੌਕੇ ਬਹੁਤ ਹੀ ਘੱਟ ਹੁੰਦੇ ਹਨ।

investRIGHT
BC Securities Commission
Investor Education

*ਧੋਖੇ ਅਤੇ ਅਯੋਗ ਪੂੰਜੀਕਾਰੀਆਂ ਤੋਂ ਤੁਹਾਡੀ ਰਾਖੀ ਕਰਨ ਲਈ ਤੁਹਾਡੀ ਮਦਦ ਵਿਚ:* **ww.investright.org**